(Through Website)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ

1. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ।
2. ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ. / ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ / ਸਕੂਲ ਮੁੱਖੀ, ਪੰਜਾਬ।

ਮੀਮੋ ਨੰ: 15/33-2017 ਸਿ.6(1)/472
ਮਿਤੀ, ਚੰਡੀਗੜ੍ਹ: 8.8.17

**ਵਿਸ਼ਾ:-** **ਉੱਚ ਯੋਗਤਾ ਪ੍ਰਾਪਤ ਕਰਨ ਅਤੇ ਵਿਦੇਸ਼ ਜਾਣ ਲਈ ਲੰਬੀ ਛੁੱਟੀ ਸਬੰਧੀ ਸਪੱਸ਼ਟੀਕਰਨ ਦੇਣ ਬਾਰੇ।**

ਉਪਰੋਕਤ ਵਿਸ਼ੇ ਤੇ ਕਰਮਚਾਰੀਆਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਸਪੱਸ਼ਟੀਕਰਨ ਹੇਠ ਲਿਖੇ ਅਨੁਸਾਰ ਦਿੱਤੇ ਜਾਂਦੇ ਹਨ:-

| ਲੜੀ ਨੰ: | ਸਵਾਲ | ਸਪੱਸ਼ਟੀਕਰਨ |
|---|---|---|
| 1. | ਜੇਕਰ ਕਿਸੇ ਕਰਮਚਾਰੀ ਵੱਲੋਂ ਉੱਚ ਯੋਗਤਾ ਦਾ ਇੱਕ ਭਾਗ ਸੇਵਾ ਵਿੱਚ ਆਉਣ ਤੋਂ ਪਹਿਲਾਂ ਪਾਸ ਕਰ ਲਿਆ ਹੋਵੇ ਅਤੇ ਪਰਖ ਸਮੇਂ ਦੌਰਾਨ ਕੀ ਉਸ ਨੂੰ ਦੂਸਰੇ ਭਾਗ ਦੀ ਪੜ੍ਹਾਈ ਜਾਰੀ ਰੱਖਣ ਲਈ ਆਗਿਆ ਦਿੱਤੀ ਜਾ ਸਕਦੀ ਹੈ? | ਜੇਕਰ ਕਿਸੇ ਕਰਮਚਾਰੀ ਨੇ ਨੌਕਰੀ ਵਿੱਚ ਆਉਣ ਤੋਂ ਪਹਿਲਾਂ ਯੋਗਤਾ ਦਾ ਇੱਕ ਭਾਗ ਪਾਸ ਕਰ ਲਿਆ ਹੋਵੇ ਤਾਂ ਦੂਜੇ ਭਾਗ ਲਈ ਪਰਖ ਸਮੇਂ ਦੌਰਾਨ ਵੀ ਪੜ੍ਹਾਈ ਜਾਰੀ ਰੱਖਣ ਲਈ ਆਗਿਆ ਦਿੱਤੀ ਜਾ ਸਕਦੀ ਹੈ। |
| 2. | ਜੇਕਰ ਕੋਈ ਕਰਮਚਾਰੀ ਤਰੱਕੀ ਲੈਣ ਉਪਰੰਤ ਪਰਖ ਸਮੇਂ ਤੇ ਹੈ ਤਾਂ ਕੀ ਉਸ ਨੂੰ ਉੱਚ ਯੋਗਤਾ ਲਈ ਆਗਿਆ ਦਿੱਤੀ ਜਾ ਸਕਦੀ ਹੈ? | ਕਿਉਂ ਜੋ ਕਰਮਚਾਰੀ ਪਹਿਲਾਂ ਹੀ ਵਿਭਾਗ ਵਿੱਚ ਕੰਮ ਕਰ ਰਿਹਾ ਹੈ, ਇਸ ਲਈ ਉਸ ਨੂੰ ਪਦ-ਉੱਨਤ ਹੋਣ ਤੇ ਪਰਖ ਸਮੇਂ ਦੌਰਾਨ ਵੀ ਉੱਚ ਯੋਗਤਾ ਲਈ ਆਗਿਆ ਦਿੱਤੀ ਜਾ ਸਕਦੀ ਹੈ, ਬਸ਼ਰਤੇ ਕਿ ਉਸ ਦੀ ਪੜ੍ਹਾਈ ਸਰਕਾਰੀ ਕੰਮ ਨੂੰ ਪ੍ਰਭਾਵਿਤ ਨਾ ਕਰੇ। |
| 3. | ਜੇਕਰ ਉੱਚ ਯੋਗਤਾ ਕਈ ਸਮੈਸਟਰਜ਼ / ਭਾਗਾਂ ਵਿੱਚ ਹਾਸਲ ਕਰਨੀ ਹੈ ਤਾਂ ਕੀ ਉਸ ਨੂੰ ਇੱਕੋ ਵਾਰ ਹੀ ਸਾਰੇ ਸਮੈਸਟਰਜ਼ / ਭਾਗਾਂ ਦੀ ਪੜ੍ਹਾਈ ਦੀ ਆਗਿਆ ਦਿੱਤੀ ਜਾ ਸਕਦੀ ਹੈ? | ਸਾਰੇ ਸਮੈਸਟਰਜ਼ / ਭਾਗਾਂ ਦੀ ਉੱਚ ਯੋਗਤਾ ਹਾਸਲ ਕਰਨ ਲਈ ਇੱਕੋ ਵਾਰ ਆਗਿਆ ਦੇਣੀ ਉਚਿਤ ਹੋਵੇਗੀ। |
| 4. | ਕੀ 3 ਜਾਂ 4 ਸਾਲ ਲਈ ਵਿਦੇਸ਼ ਛੁੱਟੀ ਦਿੱਤੀ ਜਾ ਸਕਦੀ ਹੈ? | ਪ੍ਰਸੋਨਲ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਸਮਰੱਥ ਅਥਾਰਟੀ ਵੱਲੋਂ 3 ਮਹੀਨੇ ਤੱਕ ਦੀ ਵਿਦੇਸ਼ ਛੁੱਟੀ ਦਿੱਤੀ ਜਾ ਸਕਦੀ ਹੈ। ਇਸ ਤੋਂ ਵੱਧ ਸਮੇਂ ਲਈ ਜੇਕਰ ਛੁੱਟੀ ਲੋੜੀਂਦੀ ਹੋਵੇ ਤਾਂ ਵਿਸ਼ੇਸ਼ ਹਾਲਾਤਾਂ ਵਿੱਚ ਪ੍ਰਸੋਨਲ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਦੇਣ ਦਾ ਉਪਬੰਧ ਹੈ। |

ਸਕੱਤਰ ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ